# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ

ਵੱਲ:

ਸਮੂਹ ਪ੍ਰਿੰਸੀਪਲਜ਼/ਸਕੂਲ ਮੁਖੀ,
ਜ਼ਿਲ੍ਹਾ ਬਠਿੰਡਾ

ਪੱਤਰ ਨੰ: ਲ-6/DSSC/ਕਿਸ਼ੋਰ ਸਿੱਖਿਆ ਟ੍ਰੇਨਿੰਗ/2023/੭੧
ਮਿਤੀ: ਬਠਿੰਡਾ 20.12.2023

ਵਿਸ਼ਾ:- **ਕਿਸ਼ੋਰ ਸਿੱਖਿਆ ਪ੍ਰੋਗਰਾਮ ਤਹਿਤ ਸੀਨੀਅਰ ਸੈਕੰਡਰੀ ਸਕੂਲਾਂ ਦੇ ਨੋਡਲ ਅਧਿਆਪਕਾਂ ਦੀ ਟ੍ਰੇਨਿੰਗ ਸਬੰਧੀ।**

ਉਪਰੋਕਤ ਅੰਕਿਤ ਵਿਸ਼ੇ ਸਬੰਧੀ ਸਮੂਹ ਪ੍ਰਿੰਸੀਪਲਜ਼/ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਐਸ.ਸੀ.ਈ.ਆਰ.ਟੀ. ਪੰਜਾਬ ਦੀਆਂ ਹਦਾਇਤਾਂ ਅਨੁਸਾਰ ਕਿਸ਼ੋਰ ਸਿੱਖਿਆ ਪ੍ਰੋਗਰਾਮ (Adolescent Education Program) ਤਹਿਤ ਜ਼ਿਲ੍ਹੇ ਦੇ ਹਰੇਕ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਨਿਯੁਕਤ ਕੀਤੇ ਦੋ ਨੋਡਲ ਅਧਿਆਪਕਾਂ (1 ਮਹਿਲਾ ਅਤੇ 1 ਪੁਰਸ਼) ਦੀ ਟ੍ਰੇਨਿੰਗ ਮਿਤੀ 22.12.2023 ਨੂੰ ਸਵੇਰੇ 9:30 ਵਜੇ ਤੋਂ ਦੁਪਹਿਰ 3:30 ਵਜੇ ਤੱਕ **ਟੀਚਰਜ ਹੋਮ ਬਠਿੰਡਾ (ਉਪਰਲਾ ਹਾਲ)** ਵਿਖੇ ਰੱਖੀ ਗਈ ਹੈ। ਸਮੂਹ ਪ੍ਰਿੰਸੀਪਲਜ਼/ਸਕੂਲ ਮੁਖੀ ਸਕੂਲ ਦੇ ਦੋਵੇਂ ਨੋਡਲ ਅਧਿਆਪਕਾਂ ਨੂੰ ਇਸ ਟ੍ਰੇਨਿੰਗ ਵਿੱਚ ਬਿਲਕੁਲ ਸਮੇਂ ਸਿਰ ਹਾਜਰ ਹੋਣ ਲਈ ਪਾਬੰਦ ਕਰਨਗੇ।

## ਟ੍ਰੇਨਿੰਗ ਪ੍ਰੋਗਰਾਮ ਲਈ ਸਮਾਂ ਸਾਰਣੀ

| | |
|---|---|
| 1. ਹਾਜ਼ਰੀ ਦਾ ਸਮਾਂ : | 9:30 ਵਜੇ ਤੱਕ |
| 2. ਪ੍ਰਾਰਥਨਾ | 9:30 ਤੋਂ 9:40 ਵਜੇ ਤੱਕ |
| 3. ਪਹਿਲਾ ਲੈਕਚਰ ਸੈਸ਼ਨ | 9:40 ਤੋਂ 11:00 ਵਜੇ ਤੱਕ |
| 4. ਚਾਹ ਦਾ ਸਮਾਂ | 11:00 ਤੋਂ 11:20 ਵਜੇ ਤੱਕ |
| 5. ਦੂਜਾ ਲੈਕਚਰ ਸੈਸ਼ਨ | 11:20 ਤੋਂ 1:00 ਵਜੇ ਤੱਕ |
| 6. ਖਾਣੇ ਦਾ ਸਮਾਂ | 1:00 ਤੋਂ 1:30 ਵਜੇ ਤੱਕ |
| **(ਖਾਣੇ ਦਾ ਪ੍ਰਬੰਧ ਦਫਤਰ ਵੱਲੋਂ ਕੀਤਾ ਗਿਆ ਹੈ)** | |
| 7. ਤੀਸਰਾ ਲੈਕਚਰ ਸੈਸ਼ਨ | 1:30 ਤੋਂ 3:00 ਵਜੇ ਤੱਕ |
| 8. ਫੀਡਬੈਕ ਸੈਸ਼ਨ | 3:00 ਤੋਂ 3:30 ਵਜੇ ਤੱਕ |

**ਨੋਟ:-** 1. ਜਿਹੜੇ ਸਮੂਹ ਪ੍ਰਿੰਸੀਪਲਜ਼/ਸਕੂਲ ਮੁਖੀ ਵੱਲੋਂ ਹੁਣ ਤੱਕ ਦੋ ਨੋਡਲ ਅਧਿਆਪਕਾਂ ਦੇ ਵੇਰਵੇ ਨਹੀਂ ਭੇਜੇ ਗਏ ਸਨ, ਉਹ ਸਕੂਲ ਮੁਖੀ ਵੀ ਸਕੂਲ ਲੈਟਰ ਹੈੱਡ ਤੇ ਦੋ ਨੋਡਲ ਅਧਿਆਪਕਾਂ ਦੇ ਵੇਰਵੇ ਭਰਕੇ ਅਧਿਆਪਕਾਂ ਨੂੰ ਇਸ ਟ੍ਰੇਨਿੰਗ ਵਿੱਚ ਭੇਜਣਾ ਯਕੀਨੀ ਬਣਾਉਣਗੇ।

2. ਜਿਹੜੇ ਕੋ-ਐਡ ਸਕੂਲਾਂ ਦੇ ਸਕੂਲ ਮੁਖੀਆਂ ਵੱਲੋਂ ਇੱਕ ਨੋਡਲ ਅਧਿਆਪਕ ਦੇ ਵੇਰਵੇ ਹੀ ਭੇਜੇ ਗਏ ਹਨ, ਉਹ ਵੀ ਦੋ ਅਧਿਆਪਕਾਂ ਨੂੰ ਭੇਜਣਾ ਯਕੀਨੀ ਬਣਾਉਣਗੇ।

3. ਜੇਕਰ ਕਿਸੇ ਵੀ ਲੜਕੀਆਂ ਦੇ ਸਕੂਲ ਵਿੱਚ ਜਾਂ ਲੜਕਿਆਂ ਦੇ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੈ ਤਾਂ ਉਹ ਸਕੂਲ ਮੁਖੀ ਵੀ ਦੋ ਨੋਡਲ ਅਧਿਆਪਕਾਂ ਨੂੰ ਟ੍ਰੇਨਿੰਗ ਲਈ ਭੇਜਣਾ ਯਕੀਨੀ ਬਣਾਉਣਗੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

20/12/23